# ਦਸ਼ਮੇਸ਼ ਇੰਨਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼
# ਫਰੀਦਕੋਟ

## ਇਕਰਾਰ ਨਾਮਾ (2019-20)

ਮੈ., ਨਰਿੰਦਰ ਕੁਮਾਰ ਪੁੱਤਰ ਸ੍ਰੀ ਸੱਤਪਾਲ ਵਾਸੀ ਮਕਾਨ ਨੰਬਰ 410 ਗਲੀ ਨੰ. 5, ਨਿਊ ਕੈਂਟ ਰੋਡ, ਫਰੀਦਕੋਟ ਆਪਣੇ ਪੂਰੇ ਹੋਸ਼ਹਵਾਸ ਨਾਲ ਇਸ ਇਕਰਾਰਨਾਮੇ ਦੀ ਲਿਖਤ, ਡਾਇਰੈਕਟਰ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਡ ਡੈਟਲ ਸਾਇੰਸਜ਼, ਫਰੀਦਕੋਟ ਦੇ ਪੱਖ ਵਿੱਚ, ਇਸੇ ਸੰਸਥਾ ਦੇ ਅਹਾਤੇ ਵਿੱਚ ਸਟੇਸ਼ਨਰੀ ਦੀ ਦੁਕਾਨ ਪਟੇ ਤੇ ਲੈਣ ਲਈ ਨਿਮਨ ਲਿਖਤ ਸ਼ਰਤਾਂ ਅਧੀਨ ਕਰਦਾ ਹਾਂ, ਜੋ ਮੇਰੇ ਉੱਪਰ ਪੂਰੀ ਤਰਾਂ ਲਾਗੂ ਹੋਵੇਗੀ ਅਤੇ ਮੈ ਇਸ ਲਿਖਤ ਦਾ ਪਾਬੰਦ ਰਹਾਂਗਾ :

1 ਕਿ ਮੈ 01.04.2019 ਤੋ 31.03.2020 ਤੱਕ ਉਕਤ ਦਰਜ ਸੰਸਥਾ ਵਿੱਚ ਸਟੇਸ਼ਨਰੀ ਦੀ ਦੁਕਾਨ ਦਾ 66000/- ਰੁਪਏ ਵਿੱਚ ਪਟੇਦਾਰ ਹੋਵਾਂਗਾ।

2 ਕਿ ਮੈ ਪਟੇ ਰਕਮ 5500 ਰੁਪਏ ਪ੍ਰਤੀ ਮਹੀਨਾਂ ਦੀ ਦਰ ਨਾਲ ਹਰ ਮਹੀਨੇ ਦੀ 10 ਤਰੀਕ ਤੱਕ ਪੇਸ਼ਗੀ ਜਮਾਂ ਕਰਾਵਾਂਗਾ। ਕੂੜਾ ਕਰਕਟ ਉਠਾਉਣ ਦੀ ਲਾਸੰਸੀ ਦੀ ਜਿੰਮੇਵਾਰੀ ਹੋਵੇਗੀ।

3 ਕਿ ਮੈ ਇਸ ਅਦਾਰੇ ਦੇ ਅਹਾਤੇ ਵਿੱਚ ਕਿਸੇ ਕਿਸਮ ਦੀ ਕੋਈ ਅਦਲਾਬਦਲੀ ਜਾਂ ਉਸਾਰੀ ਨਹੀ ਕਰਾਂਗਾ।

4 ਕਿ ਮੈ ਦੁਕਾਨ ਦੇ ਕੂੜਾ ਕਰਕਟ ਉਠਾਣ ਦਾ ਖੁਦ ਜਿੰਮੇਵਾਰ ਹੋਵਾਗਾ। ਕੁਤਾਹੀ ਕਰਨ ਤੇ ਲਾਸੰਸਦਾਰ ਨੂੰ ਜੁਰਮਾਨਾ ਕਰਨ ਦਾ ਹੱਕ ਹੋਵੇਗਾ।

5 ਕਿ ਮੇਰੇ ਵੱਲੋ ਉਕਤ ਲਿਖੀਆਂ ਸ਼ਰਤਾਂ ਵਿੱਚੋ ਕਿਸੇ ਇੱਕ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸੰਸਥਾ ਦੇ ਡਾਇਰੈਕਟਰ ਸਾਹਿਬ ਨੂੰ ਉਕਤ ਪਟਾ ਬਿਨਾਂ ਕਿਸੇ ਨੋਟਿਸ ਦੇ ਰੱਦ ਕਰਨ ਦਾ ਹੱਕ ਹਾਸਿਲ ਹੋਵੇਗਾ ਅਤੇ ਮੇਰੇ ਵੱਲੋ ਜਮਾਂ ਕਰਵਾਈ ਗਈ ਰਕਮ ਵਿੱਚੋ ਕੁਝ ਵੀ ਕਲੇਮ ਕਰਨ ਦਾ ਮੈਨੂੰ ਕੋਈ ਹੱਕ ਨਹੀ ਹੋਵੇਗਾ।

6 ਕਿ ਪਟੇ ਦੀ ਮਿਆਦ ਖਤਮ ਹੋਣ ਤੇ ਤਰੁੰਤ ਹੀ ਮੈ ਪਟੇ ਤੇ ਲਈ ਦੁਕਾਨ ਖਾਲੀ ਕਰ ਦੇਵਾਂਗਾ ਅਤੇ ਕਬਜ਼ਾ ਸੰਸਥਾ ਨੂੰ ਸੋਪ ਦੇਵਾਂਗਾ। ਮੇਰੀ ਬੇਦਖਲੀ ਲਈ ਕਿਸੇ ਹੋਰ ਨੋਟਿਸ ਦੀ ਜਰੂਰਤ ਨਹੀ ਹੋਵੇਗੀ।

ਇਹ ਲਿਖਤ ਦੀ ਪੁਸ਼ਟੀ ਵਿੱਚ ਮੈ ਨਰਿੰਦਰ ਕੁਮਾਰ ਨੇ ਆਪਣੇ ਦਸਤਖਤ ਹੇਠ ਲਿਖੇ ਗਵਾਹਾਂ ਦੇ ਰੂਬਰੂ ਕਰ ਦਿੱਤੇ ਹਨ।

1 ਗਵਾਹ

ਪ੍ਰਿੰਸੀਪਲ

ਦਸ਼ਮੇਸ਼ ਇੰਸਟੀਚਿਊਟ ਆਫ
ਰੀਸਰਚ ਐਂਡ ਡੈਂਟਲ ਸਾਇੰਸਜ਼
ਫਰੀਦਕੋਟ।

ਪਟੇਦਾਰ

2 ਗਵਾਹ